# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA

TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 1188 ਮਿਤੀ: 25/4/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 24/04/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:28, ਮਿਤੀ 24/04/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 1189-1192 ਮਿਤੀ: 25/4/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

O/C

ਦਫ਼ਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ **24-04-2023** ਨੂੰ ਡਾਂ. ਨਯਨ ਪੀ.ਸੀ.ਐਸ. ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 28<br>24-04-2023 | ਰਿਪੋਰਟ ਵੱਲੋਂ ਸਹਾਇਕ ਨਗਰ ਯੋਜਨਾਕਾਰ ਕਿ **Building Solutions for Common Telecommunication Infrastructure (CTI)- Comments.** ਸਬੰਧੀ ਮਿਸਲ **Building Solutions for Common Telecommunication Infrastructure (CTI)** ਨਾਲ ਸਬੰਧਤ ਹੈ।<br>ਉਕਤ ਮਾਮਲੇ ਸਬੰਧੀ ਟਿੱਪਣੀ ਹੇਠ ਲਿਖੇ ਅਨੁਸਾਰ ਟਿੱਪਣੀ ਭੇਜੀ ਗਈ ਸੀ<br>*"ਉਪਰੋਕਤ ਵਿੱਚ ਨਵੀਆਂ ਬਣ ਰਹੀਆਂ ਇਮਾਰਤਾਂ ਅਤੇ ਪੁਰਾਣੀਆਂ ਬਣ ਚੁੱਕੀਆਂ ਇਮਾਰਤਾਂ ਵਿੱਚ ਆਮ ਪਬਲਿਕ ਅਤੇ ਇਮਾਰਤਾਂ ਦੇ ਵਸਨੀਕਾਂ ਲਈ ਬਿਹਤਰ ਇੰਟਰਨੈਟ ਸਵਿਧਾ ਦੇਣ ਲਈ ਇਹ ਤਜਵੀਜ ਕੀਤੀ ਗਈ ਹੈ ਕਿ ਜਦੋਂ ਕਿਸੇ ਇਮਾਰਤ ਦਾ ਨਕਸ਼ਾ ਬਣਾਇਆ ਜਾਂਦਾ ਹੈ ਤਾਂ ਉਸ ਨਕਸ਼ੇ ਵਿੱਚ ਇਮਾਰਤ ਵਿੱਚ ਯੂਜ ਹੋਣ ਵਾਲੇ ਇੰਨਟਰਨੈਟ ਲਈ ਮੋਬਾਇਲ ਟਾਵਰ/ ਟੈਲਾਕਾਮ ਇੰਨਫਰਾਸਟਰੱਕਚਰ ਨਾਲ ਜੋੜਨ ਲਈ ਜੋ ਤਾਰਾਂ, ਪਾਈਪਾਂ ਆਦਿ ਇਮਾਰਤਾਂ ਵਿੱਚ ਪੈਣੀਆਂ ਹਨ, ਉਸ ਨੂੰ ਨਕਸ਼ੇ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਇਹ ਦਿੱਤੀ ਜਾਣ ਵਾਲੀ ਸੁਵਿਧਾ ਬਿਲਡਿੰਗ ਵਿੱਚ ਜਾਂ ਉਸ ਦੀ ਛੱਤਾ ਉੱਪਰ ਬਰੋਡਬੈਂਡ/ Digital Connectivity Infrastructure/ Antenna ਰਾਂਹੀ ਦਿੱਤੀ ਜਾਵੇ ਅਤੇ ਇਮਾਰਤ ਅੰਦਰ ਦਿੱਤੇ ਜਾਣ ਵਾਲੇ Service provider ਤੱਕ ਪਹੁੰਚ ਵੀ ਅਸਾਨ ਹੋਵੇ ਅਤੇ ਇਸ ਦੀ ਪ੍ਰਵਾਨਗੀ/ਐਨ.ਓ.ਸੀ ਇਮਾਰਤ ਦੇ ਨਕਸ਼ੇ ਦੀ ਪ੍ਰਵਾਨਗੀ ਸਬੰਧਤ ਅਥਾਰਟੀ ਤੋਂ ਲੈਣ ਤੋਂ ਪਹਿਲਾਂ ਸਬੰਧਤ Telecom Enforcement Resource and Monitoring (TERM) ਤੋਂ ਇਸ ਦੀ ਪ੍ਰਵਾਨਗੀ ਐਨ.ਓ.ਸੀ ਦੇ ਰੂਪ ਵਿੱਚ ਲਾਜਮੀ ਕੀਤੀ ਹੈ। ਜਿਸ ਵਿੱਚ ਡਰਾਇੰਗਾਂ ਨਾਲ Electric Distribution Panel, Isolator, Sockets ਆਦਿ ਦੀ ਡਿਟੇਲ ਦੇਣਾ ਸ਼ਾਮਿਲ ਕੀਤਾ ਗਿਆ ਹੈ।ਉਪਰੋਕਤ ਤਜਵੀਜ ਆਮ ਪਬਲਿਕ ਦੀ ਸੁਹਲੱਤ ਲਈ ਅਤੇ* | ------ | ਸੂਚਨਾ ਹਿੱਤ। |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| | | *ਇਮਾਰਤਾਂ ਵਿੱਚ ਬੇਹਤਰ ਢੰਗ ਨਾਲ ਇਨ੍ਹਾਂ ਨੂੰ ਲਗਾਉਣ ਲਈ ਠੀਕ ਹੈ ਅਤੇ ਇਸ ਨੂੰ ਲਾਗੂ ਕਰਨਾ ਲੋਕ ਹਿੱਤ ਵਿੱਚ ਠੀਕ ਹੈ।"* ਵਿਸ਼ੇ ਅਧੀਨ ਮਾਮਲੇ ਸਬੰਧੀ ਕਮਿਸ਼ਨਰ ਨਗਰ ਨਿਗਮ ਜੀ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਉਕਤ ਟਿੱਪਣੀ/ਸੁਝਾਅ ਸਰਕਾਰ ਨੂੰ ਮਤੇ ਦੇ ਰੂਪ ਵਿੱਚ ਭੇਜੇ ਜਾਣੇ ਹਨ। ਇੱਥੇ ਦੱਸਣਯੋਗ ਹੈ ਕਿ ਇਸ ਸਮੇਂ ਨਗਰ ਨਿਗਮ ਫਗਵਾੜਾ ਵਿਖੇ ਹਾਊਸ ਹੋਂਦ ਵਿੱਚ ਨਹੀਂ ਹੈ। ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ. 5/71/2017/MEO/DA/334 ਮਿਤੀ 23/03/2020 ਰਾਹੀਂ ਹਾਊਸ ਦੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆਂ ਗਈਆਂ ਹਨ। ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਣਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਵੱਲੋਂ ਹੁਕਮ ਨੰ. 4105 ਮਿਤੀ 13/12/2022 ਰਾਂਹੀ ਬਣਾਈ ਗਈ ਰੈਜ਼ੂਲੇਸ਼ਨ ਕਮੇਟੀ ਵੱਲੋਂ ਉਕਤ ਮਤਾ ਪਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | | |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ
ਨਗਰ ਨਿਗਮ, ਫਗਵਾੜਾ।